FORTUNA PR

| Publication | Pehredar | Date | 06-06 -2017 | Page No. | 09 |
|---|---|---|---|---|---|
| Client Name | Kamdhenu | Edition | Chandigarh | | |

# ਕਾਮਧੇਨੂੰ ਲਿਮਿਟਡ ਨੇ ਅੱਜ ਚੌਥੀ ਤਿਮਾਹੀ ਅਤੇ 31 ਮਾਰਚ, 2017 ਨੂੰ ਖਤਮ ਹੋਏ ਵਿਤ ਵਰ੍ਹੇ ਲਈ ਵਿੱਤੀ ਨਤੀਜਿਆਂ ਦੀ ਘੋਸ਼ਣਾ ਕੀਤੀ

ਚੰਡੀਗੜ੍ਹ, 5 ਜੂਨ (ਪਹਿਰੇਦਾਰ ਬਿਊਰੋ): ਭਾਰਤ 'ਚ ਬ੍ਰਾਂਡਡ ਟੀਐਮਟੀ ਬਾਰ ਦੀ ਸਭ ਤੋਂ ਵੱਡੀ ਵਿਨਿਰਮਾਤਾ ਅਤੇ ਵਿਕ੍ਰੇਤਾ ਕਾਮਧੇਨੂੰ ਲਿਮਿਟਡ ਨੇ ਅੱਜ ਚੌਥੀ ਤਿਮਾਹੀ ਅਤੇ 31 ਮਾਰਚ, 2017 ਨੂੰ ਖਤਮ ਹੋਏ ਵਿਤ ਵਰ੍ਹੇ ਲਈ ਵਿੱਤੀ ਨਤੀਜਿਆਂ ਦੀ ਘੋਸ਼ਣਾ ਕੀਤੀ। ਇਨ੍ਹਾਂ ਨਤੀਜਿਆਂ 'ਤੇ ਕੰਪਨੀ ਦੇ ਸੀਐਮਡੀ ਸ਼੍ਰੀ ਸਤੀਸ਼ ਕੁਮਾਰ ਅਗਰਵਾਲ ਨੇ ਕਿਹਾ, 'ਇਹ ਤਿਮਾਹੀ ਬਹੁਤ ਦਮਦਾਰ ਰਹੀ ਹੈ, ਵਾਲਯੂਮ ਵਧਣ ਨਾਲ ਸਾਡੇ ਮੁਨਾਫੇ 'ਚ ਵਾਧਾ ਹੋਇਆ ਹੈ। ਨੋਟਬੰਦੀ ਅਤੇ ਸਟੀਲ ਦੀਆਂ ਕੀਮਾਂ 'ਚ ਰੇਸ਼ਨਲਾਈਜੇਸ਼ਨ ਦੇ ਕਾਰਨ ਇਹ ਸਾਲ ਚੁਣੌਤੀਪੂਰਣ ਰਿਹਾ ਫਿਰ ਵੀ ਅਸੀਂ ਸੁਚੇਤ ਹੋ ਕੇ ਆਪਣੇ ਕਾਰੋਬਾਰ ਦਾ ਪ੍ਰਬੰਧਨ ਕਰਦੇ ਹੋਏ ਅਤੇ ਬਦਲਦੇ ਮਾਹੌਲ 'ਤੇ ਤੁਰੰਤ ਪ੍ਰਤੀਕ੍ਰਿਆ ਦਿੰਦੇ ਹੋਏ ਅਸੀਂ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਹੈ। ਰੀਅਲ ਇਸਟੇਟ ਅਤੇ ਇਨਫਰਾਸਟ੍ਰਕਚਰ ਖੇਤਰਾਂ 'ਚ ਹੌਲੀ ਹੌਲੀ ਵਾਪਸੀ ਦੇ ਨਾਲ ਅਤੇ ਕਿਫਾਇਤੀ ਰਿਹਾਇਸ਼ ਲਈ ਸਰਕਾਰ ਦੀ ਵਚਨਬੱਧਤਾ ਦੇ ਕਾਰਣ ਅਸੀਂ ਇਸ ਖੇਤਰ ਦੇ ਮੱਧਮ ਸਮੇਂ ਦੇ ਆਊਟਲੁੱਟ ਦੇ ਬਾਰੇ 'ਚ ਆਸ਼ਾਵਾਦੀ ਹਾਂ। ਜੀਐਸਟੀ ਦੇ ਅਮਲ 'ਚ ਆਉਣ ਤੋਂ ਪਹਿਲਾਂ ਹੀ ਅਸੀਂ ਲਗਾਤਾਰ ਆਪਣੇ ਡੀਲਰਾਂ ਨਾਲ ਗੱਲਬਾਤ ਸਥਾਪਿਤ ਕਰਕੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਦੇ ਆ ਰਹੇ ਹਾਂ ਅਤੇ ਉਨ੍ਹਾਂ ਨੂੰ ਇਸ ਮਹੱਤਵਪੂਰਣ ਟੈਕਸ ਸੁਧਾਰ ਲਈ ਤਿਆਰ ਕਰ ਰਹੇ ਹਾਂ ਤਾਂ ਕਿ ਸਪਲਾਈ ਬਿਲਕੁਲ ਠੀਕ ਬਣੀ ਰਹੇ।'